# ਸ਼ੇਖ ਫ਼ਰੀਦ - ਸਬਦ ੬੯

## ਚਲਿ ਚਲਿ ਗਈਆਂ ਪੰਖੀਆਂ ਜਿਨੀ੍ ਵਸਾਏ ਤਲ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਚਲਿ ਚਲਿ ਗਈਆਂ ਪੰਖੀਆਂ ਜਿਨੀ੍ ਵਸਾਏ ਤਲ ॥
ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥੬੬॥

ਸਾਰ: ਲਗਾਵ ਵੇਖਣ ਨੂੰ ਭਾਵੇਂ ਮਜ਼ਬੂਤ ਭਾਸਦੇ ਹੋਣ, ਪਰ ਧੁਰ ਅੰਦਰੋਂ ਹਮੇਸ਼ਾਂ ਬਦਲਦੇ ਰਹਿੰਦੇ ਹਨ। ਸਾਡੇ ਅਤੇ ਲੋਕਾਂ ਦੁਆਰਾ ਨਿਭਾਈਆਂ ਜਾਂਦੀਆਂ ਵੱਖ-ਵੱਖ ਭੂਮਿਕਾਵਾਂ, ਸੁਖ-ਸੁਵਿਧਾਵਾਂ, ਜੋ ਸਾਨੂੰ ਆਪਣੀਆਂ ਮਹਿਸੂਸ ਹੁੰਦੀਆਂ ਹਨ, ਸਮੇਂ ਦਾ ਨਾਲ ਬਦਲ ਅਤੇ ਅਲੋਪ ਵੀ ਹੋ ਸਕਦੀਆਂ ਹਨ। ਸਾਡਾ ਮਨ ਇਨ੍ਹਾਂ ਲਗਾਵਾਂ ਨਾਲ ਪੂਰੀ ਤਰ੍ਹਾਂ ਜੁੜ ਜਾਂਦਾ ਹੈ, ਕਿਉਂ ਕਿ ਅਸੀਂ ਨਿਰੰਤਰ ਬਦਲ ਰਹੇ ਸੰਸਾਰ ਵਿਚ ਸਥਿਰਤਾ ਦੀ ਭਾਲ ਕਰਦੇ ਹਾਂ। ਜਾਣ-ਪਹਿਚਾਣ ਸਥਿਰਤਾ ਦਾ ਭਰਮ ਪੈਦਾ ਕਰਦੀ ਹੈ, ਅਤੇ ਜਦੋਂ ਅਸੀਂ ਕੁਝ ਅਜਿਹਾ ਗੁਆ ਬੈਠਦੇ ਹਾਂ ਜਿਸਨੂੰ ਅਸੀਂ ਸਦੀਵੀ ਆਪਣਾ ਸਮਝਦੇ ਸੀ, ਤਦੋਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਅਸੀਂ ਆਪਣੀ ਪਹਿਚਾਣ ਨੂੰ ਉਸ ਨਾਲ ਕਿੰਨਾ ਗੂੜ੍ਹ ਜੋੜ ਲਿਆ ਸੀ। ਇਹ ਸੂਝ ਸਾਨੂੰ ਵਿਗਾਸ ਅਤੇ ਆਤਮ ਖੋਜ ਦਾ ਸੁਨਹਿਰੀ ਅਵਸਰ ਪ੍ਰਦਾਨ ਕਰਦੀ ਹੈ।

ਚਲਿ ਚਲਿ ਗਈਆਂ ਪੰਖੀਆਂ ਜਿਨੀ੍ ਵਸਾਏ ਤਲ ॥
ਕਦੇ ਪੰਛੀਆਂ ਦਾ ਵਾਸਾ ਜਿਸ ਤਲਾਅ ਵਿਚ ਹੁੰਦਾ ਸੀ, ਇਕ-ਇਕ ਕਰਕੇ ਉਹ ਉਥੋਂ ਉੱਡਦੇ ਗਏ। ਉਨ੍ਹਾਂ ਦੇ ਇਸ ਵਿਛੋੜੇ ਦਾ ਦ੍ਰਿਸ਼ਟਾਂਤ ਇਹ ਸਪਸ਼ਟ ਕਰਦਾ ਹੈ ਕਿ ਸਮੇਂ ਦੇ ਨਾਲ ਲਗਾਵ ਵਿਗਸਦੇ ਅਤੇ ਬਿਨਸਦੇ ਰਹਿੰਦੇ ਹਨ, ਭਾਵੇਂ ਉਹ ਕਿੰਨੇ ਵੀ ਸੁਖਦਾਇਕ ਅਤੇ ਸੁਰੱਖਿਅਤ ਕਿਉਂ ਨਾ ਜਾਪਣ।

ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥੬੬॥
ਸੇਖ ਫਰੀਦ ਕਹਿੰਦੇ ਹਨ ਕਿ ਪਾਣੀ ਨਾਲ ਭਰਿਆ ਹੋਇਆ ਤਲਾਅ ਵੀ ਅੰਤ ਵਿਚ ਸੁੱਕ ਜਾਂਦਾ ਹੈ, ਅਤੇ ਇਕੱਲੇ ਖਿੜੇ ਕਮਲ ਵੀ ਥਕਾਵਟ ਨਾਲ ਸੁੱਕ ਮੁਰਝਾ ਜਾਂਦੇ ਹਨ। ਇਹ ਭਾਵ ਇਸ ਤੱਥ ਵੱਲ ਇਸ਼ਾਰਾ ਕਰਦੀ ਹੈ ਕਿ ਨਾ ਤਾਂ ਭਰਪੂਰਤਾ ਸਦਾ ਰਹਿੰਦੀ ਹੈ ਅਤੇ ਨਾ ਹੀ ਸਥਿਰਤਾ। ਹਰ ਵਸਤ ਰੁਪਾਂਤ੍ਰਣ ਅਤੇ ਵਿਨਾਸ਼ ਦੇ ਅਧੀਨ ਹੈ। (੬੬)

ਤੱਤ: ਸ਼ੇਖ ਫ਼ਰੀਦ ਦੱਸਦੇ ਹਨ ਕਿ ਭਰਪੂਰਤਾ ਅਤੇ ਸਥਿਰਤਾ ਸਾਨੂੰ ਮਜ਼ਬੂਤ ਆਧਾਰ ਅਤੇ ਸਹਾਰੇ ਵਰਗੀਆਂ ਲੱਗਦੀਆਂ ਹਨ, ਪਰ ਅਸਲ ਵਿਚ ਉਹ ਵੀ ਅਸਥਿਰਤਾ ਦੀ ਤਰਜ਼ਮਾਨੀ ਹੀ ਕਰਦੀਆਂ ਹਨ, ਜੋ ਸ਼ਾਂਤੀ ਦਾ ਮਖੌਟ ਧਾਰਨ ਕਰ, ਇਕ ਲੰਮੇਰੇ ਠਹਿਰਾਉ ਦਾ ਭਰਮ ਪੈਦਾ ਕਰਦੀਆਂ ਹਨ। ਵਿਨਾਸ਼ ਅਟੱਲ ਹੈ, ਜਿਸਦਾ ਭਾਵ ਹੈ ਕਿ ਕੋਈ ਵੀ ਵਸਤ ਅਬਦਲ ਅਤੇ ਬੇਅੰਤ ਨਹੀਂ। ਜਦੋਂ ਅਸੀਂ ਭਰਮਾਂ ਨਾਲ ਜੁੜ ਜਾਂਦੇ ਹਾਂ, ਤਾਂ ਅੰਦਰ ਅਕੇਵਾਂ ਪੈਦਾ ਹੋ ਜਾਂਦਾ ਹੈ, ਅਤੇ ਜਦੋਂ ਇਹ ਭਰਮ ਟੁੱਟਦੇ ਹਨ, ਤਾਂ ਅਕਸਰ ਇਕੱਲੇਪਣ ਦਾ ਅਹਿਸਾਸ ਹੁੰਦਾ ਹੈ। ਉਹਨਾਂ ਪਲਾਂ ਵਿਚ ਸਾਨੂੰ ਇਸ ਸੱਚ ਦਾ ਅਹਿਸਾਸ ਹੁੰਦਾ ਹੈ ਕਿ ਸੁਖਚੈਨ ਅਤੇ ਅਰਾਮ ਪੂਰਨ ਵਿਸ਼ਵਾਸ ਯੋਗ ਵਰਤਾਰਾ ਨਹੀਂ ਹਨ। ਜੋ ਬਚਦਾ ਹੈ, ਉਹ ਹੈ ਆਪਣੀ ਜਾਗਰੂਕਤਾ ਵਿਚ ਸਥਿਰਤਾ ਅਤੇ ਭਰਪੂਰਤਾ ਨੂੰ ਭਾਲਣ ਦਾ ਸੁਨਿਹਰੀ ਅਵਸਰ, ਜਿੱਥੇ ਅਸੀਂ ਅਸਥਿਰਤਾ ਨੂੰ ਕਿਸੇ ਡਰ ਕਾਰਣ ਨਹੀਂ, ਸਵੀਕਾਰਨ ਦੀ ਭਾਵਨਾ ਨਾਲ ਕਲਾਵੇ ਵਿਚ ਲੈਂਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**